# ‘ਮੈਂ ਆਪਣੇ ਪਿਸ਼ਾਬ ਵਿੱਚ ਖੂਨ ਦੇਖਿਆ

## ਅਤੇ ਡਾਕਟਰ ਕੋਲ ਗਿਆ।’

**David**



## UK ਵਿੱਚ ਹਰ ਸਾਲ 20,000 ਤੋਂ ਵੱਧ ਲੋਕਾਂ ਦੀ ਰੋਗ-ਪਛਾਣ, ਮਸਾਨੇ ਜਾਂ ਗੁਰਦੇ ਦਾ ਕੈਂਸਰ ਦੇ ਨਾਲ ਕੀਤੀ ਜਾਂਦੀ ਹੈ। ਇਹ ਕੈਂਸਰ 50 ਸਾਲ ਤੋਂ ਵੱਧ ਉਮਰ ਵਾਲੇ ਪੁਰਸ਼ਾਂ ਅਤੇ ਲੋਕਾਂ ਵਿੱਚ ਜ਼ਿਆਦਾ ਆਮ ਹਨ।

ਇਹ ਜਾਣਨਾ ਕਿ ਕਿਹੜੀਆਂ ਤਬਦੀਲੀਆਂ ਨੂੰ ਦੇਖਣਾ ਹੈ ਅਤੇ ਡਾਕਟਰ ਨੂੰ ਕਦੋਂ ਦਿਖਾਉਣਾ ਹੈ, ਅਸਲ ਵਿੱਚ ਫਰਕ ਲਿਆ ਸਕਦਾ ਹੈ। ਜੇ ਤੁਹਾਨੂੰ ਇਹ ਲੱਛਣ ਹਨ ਤਾਂ ਡਰੋ ਨਾ – ਉਹਨਾਂ ਦੀ ਜਾਂਚ ਕਰਵਾਓ।

ਜੇ ਤੁਹਾਨੂੰ ਇਹਨਾਂ ਵਿੱਚੋਂ ਕੋਈ ਵੀ ਲੱਛਣ ਹਨ ਤਾਂ ਡਾਕਟਰ ਨੂੰ ਮਿਲੋ:

- ਤੁਹਾਡੇ ਪਿਸ਼ਾਬ ਵਿੱਚ ਖ਼ੂਨ ਆਉਣਾ, ਭਾਵੇਂ ਸਿਰਫ ਇੱਕ ਵਾਰੀ ਆਉਂਦਾ ਹੈ।
- ਅਚਾਨਕ ਜਾਂ ਉਸੇ ਵੇਲੇ ਪਿਸ਼ਾਬ ਕਰਨ ਦੀ ਲੋੜ ਪੈਣੀ।
- ਜਦੋਂ ਤੁਸੀਂ ਪਿਸ਼ਾਬ ਕਰਦੇ ਹੋ ਤਾਂ ਦਰਦ ਜਾਂ ਜਲਨ ਦਾ ਅਹਿਸਾਸ ਹੋਣਾ।
- ਤੁਹਾਡੇ ਪੇਟ ਵਿੱਚ ਇੱਕ ਗੰਢ ਹੋਣੀ।

ਇਹ ਲੱਛਣ ਕੈਂਸਰ ਤੋਂ ਇਲਾਵਾ ਦੂਜੇ ਕਾਰਨਾਂ ਤੋਂ ਵੀ ਹੋ ਸਕਦੇ ਹਨ, ਜਿਵੇਂ ਕਿ ਕੋਈ ਇਨਫੈਕਸ਼ਨ, ਮਸਾਨੇ ਵਿੱਚ ਪੱਥਰੀ ਜਾਂ ਗੁਰਦੇ ਵਿੱਚ ਪੱਥਰੀ ਹੋਣ ਨਾਲ। ਪਰ ਆਪਣੇ ਰੋਗ ਦੀ ਪਛਾਣ ਆਪ ਕਰਨ ਦੀ ਕੋਸ਼ਿਸ਼ ਨਾ ਕਰੋ – ਆਪਣੇ ਡਾਕਟਰ ਨੂੰ ਦਿਖਾਓ। ਇਹ ਤੁਹਾਡੀ ਜ਼ਿੰਦਗੀ ਬਚਾ ਸਕਦਾ ਹੈ। ਜੇ ਤੁਹਾਨੂੰ ਕੈਂਸਰ ਹੈ, ਤਾਂ ਜਿੰਨੀ ਜਲਦੀ ਇਸ ਬਾਰੇ ਪਤਾ ਲੱਗ ਜਾਂਦਾ ਹੈ ਉੰਨੀ ਜ਼ਿਆਦਾ ਇਸ ਦੇ ਠੀਕ ਹੋਣ ਦੀ ਸੰਭਾਵਨਾ ਹੁੰਦੀ ਹੈ।

**ਆਪਣੇ ਲੱਛਣਾਂ ਦੀ ਜਾਂਚ ਕਰਵਾ ਕੇ ਤੁਸੀਂ ਆਪਣੇ ਡਾਕਟਰ ਦਾ ਸਮਾਂ ਜ਼ਾਇਆ ਨਹੀਂ ਕਰ ਰਹੇ ਹੋ।**

**ਜਿੰਨੀ ਜਲਦੀ ਕੈਂਸਰ ਦਾ ਪਤਾ ਲੱਗ ਜਾਂਦਾ ਹੈ, ਉੰਨੀ ਜ਼ਿਆਦਾ ਇਸਦੇ ਠੀਕ ਹੋਣ ਦੀ ਸੰਭਾਵਨਾ ਹੁੰਦੀ ਹੈ।**

ਜੇ ਤੁਹਾਨੂੰ ਮਦਦ ਦੀ ਲੋੜ ਹੈ ਜਾਂ ਬਸ ਕਿਸੇ ਨਾਲ ਗੱਲ ਹੀ ਕਰਨਾ ਚਾਹੁੰਦੇ ਹੋ, ਤਾਂ ਮੈਕਮਿਲਨ (Macmillan) ਨੂੰ **0808 808 00 00** ਤੇ ਮੁਫ਼ਤ ਕਾਲ ਕਰੋ ਜਾਂ **macmillan.org.uk** ਤੇ ਜਾਓ।

© ਮੈਕਮਿਲਨ ਕੈਂਸਰ ਸਪੋਰਟ (Macmillan Cancer Support), ਜੁਲਾਈ 2014 । ਪਹਿਲਾ ਸੰਸਕਰਨ। MAC13693_URINE_PUNJABI. ਅਗਲੀ ਯੋਜਨਾਬੱਧ ਸਮੀਖਿਆ 2017. ਮੈਕਮਿਲਨ ਕੈਂਸਰ ਸਪੋਰਟ (Macmillan Cancer Support), ਇੰਗਲੈਂਡ ਅਤੇ ਵੇਲਜ਼ (261017), ਸਕਾਟਲੈਂਡ (SC039907), ਅਤੇ ਆਇਲ ਆਫ ਮੈਨ (604) ਵਿੱਚ ਰਜਿਸਟਰਡ ਚੈਰਿਟੀ ਹੈ। ਟਿਕਾਊ ਸੱਮਗਰੀ ਦੀ ਵਰਤੋਂ ਨਾਲ ਛਾਪਿਆ ਗਿਆ। ਕਿਰਪਾ ਕਰਕੇ ਮੁੜ ਵਰਤੋਂ ਕਰੋ।

Health & care information you can trust
The Information Standard Certified Member